

# ਕੁੱਤੇ ਦੀ ਮਾਲਕੀ ਬੰਦਸ਼ਾਂ ਸਹਿਤ ਮਿਲਦੀ ਹੈ

## ਆਪਣੇ ਕੁੱਤੇ ਦਾ ਲਾਇਸੈਂਸ ਲਉ ਅਤੇ ਰੱਸੀ ਪਾ ਕੇ ਰੱਖੋ। ਇਹ ਕਾਨੂੰਨ ਹੈ।

ਸਿਟੀ ਆਫ ਵੈਨਕੂਵਰ ਐਨੀਮਲ ਕੰਟਰੋਲ ਬਾਈ-ਲਾਅ (ਬਾਈ-ਲਾਅ ਨੰਬਰ 9150) ਦੀ ਅਮਲ ਦਰਾਮਦ ਨੂੰ ਵਧਾ ਰਿਹਾ ਹੈ।

**ਲਾਇਸੈਂਸ ਵਾਸਤੇ ਆਨਲਾਈਨ ਅਰਜ਼ੀ ਦਿਉ vancouver.ca/animalcontrol**

**ਜੁਰਮਾਨੇ**

- ਕੁੱਤੇ ਦਾ ਲਾਇਸੈਂਸ ਨਹੀਂ: **250 ਡਾਲਰ**
- ਕੁੱਤੇ ਨੂੰ ਪਬਲਿਕ 'ਚ ਰੱਸੀ ਨਹੀਂ ਪਾਈ: **250 ਡਾਲਰ**

CITY OF VANCOUVER
Animal Control Services

# ਕੁੱਤੇ ਦੀ ਮਾਲਕੀ ਬੰਦਸ਼ਾਂ ਸਹਿਤ ਮਿਲਦੀ ਹੈ

## ਵੈਨਕੂਵਰ ਦੇ ਐਨੀਮਲ ਕੰਟਰੋਲ ਬਾਈ-ਲਾਅ ਦੀ ਤੁਹਾਡੀ ਗਾਈਡ

## ਲਾਇਸੈਂਸ ਲਉ ਅਤੇ ਰੱਸੀ ਪਾ ਕੇ ਰੱਖੋ: ਇਹ ਕਾਨੂੰਨ ਹੈ

ਵੈਨਕੂਵਰ ਵਿਚ ਕੁੱਤੇ (ਨਾਲ ਦੀ ਨਾਲ ਹੋਰ ਜਾਨਵਰ) ਸਿਟੀ ਦੇ *ਐਨੀਮਲ ਕੰਟਰੋਲ ਬਾਈ-ਲਾਅ* (ਨੰਬਰ 9150) ਤਹਿਤ ਨਿਯਮਤ ਅਤੇ ਲਾਇਸੈਂਸਸ਼ੁਦਾ ਹਨ। ਇਹ ਬਾਈ-ਲਾਅ ਨਿਯਮ ਤੈਅ ਕਰਦਾ ਹੈ ਜਿਹੜੇ ਕੁੱਤਿਆਂ ਦੇ ਸਾਰੇ ਮਾਲਕਾਂ ਅਤੇ ਸਾਂਭ-ਸੰਭਾਲ ਕਰਨ ਵਾਲਿਆਂ ਨੂੰ ਜ਼ਰੂਰੀ ਤੌਰ 'ਤੇ ਮੰਨਣੇ ਪੈਂਦੇ ਹਨ ਅਤੇ ਇਹ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨ ਦੇ ਨਤੀਜਿਆਂ ਅਤੇ ਸਜ਼ਾਵਾਂ ਬਾਰੇ ਦੱਸਦਾ ਹੈ। *ਐਨੀਮਲ ਕੰਟਰੋਲ ਬਾਈ-ਲਾਅ* ਯਕੀਨੀ ਬਣਾਉਂਦਾ ਹੈ ਕਿ ਕੁੱਤਿਆਂ ਅਤੇ ਹੋਰ ਜਾਨਵਰਾਂ ਨੂੰ ਲੋੜੀਂਦੀ ਸਾਂਭ-ਸੰਭਾਲ ਪ੍ਰਾਪਤ ਹੋਵੇ ਅਤੇ ਅਣਗੌਲੇ ਨਾ ਹੋਣ ਜਾਂ ਉਨ੍ਹਾਂ ਨਾਲ ਦੁਰਵਿਹਾਰ ਨਾ ਹੋਵੇ। ਇਹ ਬਾਈ-ਲਾਅ ਵੈਨਕੂਵਰ ਨਿਵਾਸੀਆਂ (ਕੁੱਤਿਆਂ ਦੇ ਮਾਲਕਾਂ ਅਤੇ ਕੁੱਤਾ ਨਾ ਰੱਖਣ ਵਾਲਿਆਂ ਲਈ ਬਰਾਬਰ) ਦੀ ਉਸ ਪਬਲਿਕ ਬਿਖੇੜੇ ਅਤੇ ਨੁਕਸਾਨ ਤੋਂ ਰੱਖਿਆ ਵੀ ਕਰਦਾ ਹੈ ਜੋ ਕੁੱਤੇ ਕਈ ਵਾਰੀ ਕਰ ਸਕਦੇ ਹਨ।

ਆਪਣੇ ਜਾਨਵਰ ਨੂੰ ਆਪਣੇ ਕਾਬੂ ਹੇਠ ਰੱਖਣਾ ਇਹ ਯਕੀਨੀ ਬਣਾਉਣ 'ਚ ਮਦਦ ਕਰਦਾ ਹੈ ਕਿ ਤੁਸੀਂ, ਤੁਹਾਡਾ ਪਾਲਤੂ ਜਾਨਵਰ ਅਤੇ ਤੁਹਾਡੇ ਆਲੇ ਦੁਆਲੇ ਦੇ ਹੋਰ ਲੋਕ ਸੁਖਾਲਾ ਅਤੇ ਸੁਰੱਖਿਅਤ ਮਹਿਸੂਸ ਕਰਦੇ ਹਨ। ਪਾਲਤੂ ਜਾਨਵਰ ਦੇ ਇਕ ਜ਼ਿੰਮੇਵਾਰ ਮਾਲਕ ਬਣੋ ਅਤੇ ਇਕ ਚੰਗੇ ਗੁਆਂਢੀ ਵੀ। ਇਨ੍ਹਾਂ ਸਾਧਾਰਨ ਨਿਯਮਾਂ ਦੀ ਪਾਲਣਾ ਕਰੋ। ਇਹ ਕਾਨੂੰਨ ਹੈ।

## ਕੁੱਤਿਆਂ ਦੇ ਲਾਇਸੈਂਸ

ਸਾਰੇ ਕੁੱਤਿਆਂ ਲਈ, ਜਿਹੜੇ ਤਿੰਨ ਮਹੀਨਿਆਂ ਤੋਂ ਵੱਡੇ ਹਨ, ਜ਼ਰੂਰੀ ਤੌਰ 'ਤੇ ਲਾਇਸੈਂਸ ਚਾਹੀਦਾ ਹੈ। ਖੱਸੀ ਕੀਤੇ ਹੋਏ ਅਤੇ ਬਾਂਝ ਬਣਾਏ ਗਏ ਜਾਨਵਰਾਂ ਲਈ (ਪਹਿਲੀ ਵਾਰ ਲੈਣ ਦੇ ਸਮੇਂ ਸਬੂਤ ਚਾਹੀਦਾ ਹੈ) ਲਾਇਸੈਂਸ ਫੀਸ 35 ਡਾਲਰ ਪ੍ਰਤਿ ਸਾਲ ਹੈ, ਅਤੇ ਜਿਹੜੇ ਜਾਨਵਰਾਂ ਨੂੰ ਇੰਜ ਨਹੀਂ ਕੀਤਾ ਹੋਇਆ ਉਨ੍ਹਾਂ ਲਈ ਫੀਸ 65 ਡਾਲਰ ਪ੍ਰਤਿ ਸਾਲ ਹੈ। ਹਰੇਕ ਨੇਬਰਹੁੱਡ ਲਈ ਫੀਸਾਂ ਸਾਲ ਦੇ ਵੱਖ ਵੱਖ ਸਮਿਆਂ 'ਤੇ ਦੇਣ ਯੋਗ ਹੁੰਦੀਆਂ ਹਨ। ਲਾਇਸੈਂਸ ਨਾ ਲਏ ਜਾਣ ਦਾ ਜੁਰਮਾਨਾ 250 ਡਾਲਰ ਹੈ। ਕੁੱਤੇ ਦਾ ਲਾਇਸੈਂਸ ਲੈਣ ਜਾਂ ਕੁੱਤੇ ਦੇ ਸਲਾਨਾਂ ਲਾਇਸੈਂਸ ਦੀ ਤੁਹਾਡੀ ਫੀਸ ਕਦੋਂ ਦੇਣ ਯੋਗ ਹੈ ਇਹ ਜਾਣਨ ਲਈ **vancouver.ca/animalcontrol** 'ਤੇ ਸਾਡਾ ਵੈੱਬਸਾਈਟ ਵੇਖੋ। ਜਾਂ ਤੁਸੀਂ 1280 ਰੇਮੁਰ ਐਵੇਨਿਊ 'ਤੇ ਵੈਨਕੂਵਰ ਐਨੀਮਲ ਸ਼ੈਲਟਰ 'ਚ ਆਉ ਜਾਂ **604-871-6888** ਜਾਂ **3-1-1** 'ਤੇ ਸਾਨੂੰ ਫੋਨ ਕਰੋ।

## ਆਪਣੇ ਕੁੱਤੇ ਨੂੰ ਕਾਬੂ 'ਚ ਰੱਖਣਾ

ਕੁੱਤਿਆਂ ਨੂੰ ਸਟਰੀਟ ਉੱਪਰ ਜਾਂ ਕਿਸੇ ਹੋਰ ਪਬਲਿਕ ਸਥਾਨ 'ਤੇ ਖੁੱਲਿਆਂ ਦੌੜੇ ਫਿਰਨ ਦੀ ਆਗਿਆ ਨਹੀਂ ਹੈ। ਕੋਈ ਕੁੱਤਾ, ਜਿਸਦੀ ਤੁਸੀਂ ਸਾਂਭ-ਸੰਭਾਲ ਕਰ ਰਹੇ ਹੋ ਜਾਂ ਤੁਹਾਡੀ ਸੁਪਰਦਗੀ 'ਚ ਹੈ (ਭਾਵੇਂ ਉਹ ਤੁਹਾਡਾ ਕੁੱਤਾ ਨਹੀਂ ਵੀ) ਸਾਰੇ ਸਮਿਆਂ 'ਤੇ ਤੁਹਾਡੇ ਕਾਬੂ ਅਧੀਨ ਰੱਖਿਆ ਜਾਣਾ ਚਾਹੀਦਾ ਹੈ ਅਤੇ ਜ਼ਰੂਰੀ ਤੌਰ 'ਤੇ ਉਸ ਨੂੰ ਰੱਸੀ ਪਾਈ ਹੋਣੀ ਚਾਹੀਦੀ ਹੈ ਜਿਹੜੀ 2.5 ਮੀਟਰ (ਅੱਠ ਫੁੱਟ) ਤੋਂ ਜ਼ਿਆਦਾ ਲੰਬੀ ਨਾ ਹੋਵੇ।

ਜੇਕਰ ਤੁਹਾਡਾ ਕੁੱਤਾ ਤੁਹਾਡੀ ਪ੍ਰਾਪਰਟੀ ਤੋਂ ਬਾਹਰ ਖੁੱਲ੍ਹਾ ਭੱਜਾ ਫਿਰਦਾ, ਰੱਸੀ ਤੋਂ ਬਗੈਰ ਅਤੇ ਕਿਸੇ ਜ਼ਿੰਮੇਵਾਰ ਵਿਅਕਤੀ ਦੇ ਕਾਬੂ ਅਧੀਨ ਨਾ ਹੋਣ ਦੀ ਹਾਲਤ 'ਚ ਫੜਿਆ ਜਾਂਦਾ ਹੈ ਤਾਂ ਐਨੀਮਲ ਕੰਟਰੋਲ ਅਫਸਰ ਤੁਹਾਨੂੰ ਟਿਕਟ ਦੇ ਸਕਦਾ ਹੈ ਅਤੇ ਤੁਹਾਡੇ ਕੁੱਤੇ ਨੂੰ ਕਬਜ਼ੇ ਵਿਚ ਲੈ ਸਕਦਾ ਹੈ। ਆਪਣੇ ਕੁੱਤੇ ਨੂੰ ਪਬਲਿਕ 'ਚ ਰੱਸੀ ਤੋਂ ਬਗੈਰ ਖੁੱਲ੍ਹਾ ਛੱਡਣ ਦਾ ਜੁਰਮਾਨਾ 250 ਡਾਲਰ ਹੈ। ਲਾਇਸੈਂਸ ਸ਼ੁਦਾ ਕੁੱਤੇ ਨੂੰ ਅਹਾਤੇ 'ਚ ਬੰਦ ਕਰਨ ਦੀ ਫੀਸ 75 ਡਾਲਰ ਹੈ। ਇਕ ਗੈਰ-ਲਾਇਸੈਂਸਸ਼ੁਦਾ ਕੁੱਤੇ ਨੂੰ ਅਹਾਤੇ 'ਚ ਬੰਦ ਕਰਨ ਦੀ ਫੀਸ 150 ਡਾਲਰ ਜਮਾਂ ਲਾਇਸੈਂਸ ਫੀਸ ਹੈ। (ਅਹਾਤੇ 'ਚ ਰੱਖਣ ਦੀ ਫੀਸ 15 ਡਾਲਰ ਜਮਾਂ ਜੀ ਐਸ ਟੀ ਪ੍ਰਤਿ ਦਿਨ ਹੈ)। ਜੇਕਰ ਬਾਈ-ਲਾਅ ਦੀ ਉਲੰਘਣਾ ਕਰਨ ਦੀਆਂ ਟਿਕਟਾਂ ਤੁਹਾਨੂੰ ਬਾਰ ਬਾਰ ਜਾਰੀ ਹੋ ਜਾਂਦੀਆਂ ਤਾਂ ਤੁਹਾਨੂੰ ਇਕ ਜੱਜ ਸਾਹਮਣੇ ਹਾਜ਼ਰ ਹੋਣਾ ਪੈ ਸਕਦਾ ਹੈ ਅਤੇ ਤੁਹਾਨੂੰ 2000 ਡਾਲਰ ਤੱਕ ਦੇ ਜੁਰਮਾਨੇ ਕੀਤੇ ਜਾ ਸਕਦੇ ਹਨ।

ਕੁੱਤਿਆਂ ਨੂੰ ਸਕੂਲ ਅਹਾਤਿਆਂ ਜਾਂ ਖੇਡ ਦੇ ਮੈਦਾਨਾਂ ਜਾਂ ਪਬਲਿਕ ਬੀਚ 'ਤੇ ਜਾਂ ਨੇੜੇ ਦੇ ਪਾਣੀ 'ਚ ਲਿਜਾਣ ਦੀ ਆਗਿਆ ਨਹੀਂ ਹੈ।



## ਨੇਬਰਹੁੱਡ 'ਚ ਬਿਖੇੜਾ

ਤੁਹਾਨੂੰ ਆਪਣੇ ਘਰ ਜਾਂ ਸਥਾਨ 'ਚ ਭੌਂਕ ਰਹੇ ਜਾਂ ਚੂਕ ਰਹੇ ਕੁੱਤਿਆਂ ਨੂੰ ਇੰਜ ਨਹੀਂ ਕਰਨ ਦੇਣਾ ਚਾਹੀਦਾ ਜਾਂ ਜਰਨਾਂ ਨਹੀਂ ਚਾਹੀਦਾ, ਜੇਕਰ ਉਹ ਸੌਖਿਆਂ ਸੁਣੇ ਜਾ ਸਕਦੇ ਹੋਣ ਅਤੇ ਤੁਹਾਡੇ ਗੁਆਂਢੀਆਂ ਦੇ ਆਰਾਮ, ਮੌਜ ਮੇਲੇ ਜਾਂ ਸ਼ਾਂਤੀ ਅਤੇ ਚੁੱਪ ਨੂੰ ਭੰਗ ਕਰਦੇ ਹੋਣ। ਤੁਹਾਨੂੰ ਜ਼ਰੂਰ ਆਪਣੀ ਸਾਂਭ-ਸੰਭਾਲ ਹੇਠਲੇ ਕੁੱਤੇ ਨੂੰ ਸਟਰੀਟ 'ਤੇ ਜਾਂ ਪਬਲਿਕ 'ਚ ਗਾਰਬੇਜ ਕੰਟੇਨਰਾਂ 'ਚ ਉਥਲ ਪੁਥਲ ਜਾਂ ਭੰਨ ਤੋੜ ਨਹੀਂ ਕਰਨ ਦੇਣੀ ਚਾਹੀਦੀ ਜਾਂ ਇੰਜ ਕਰਦਿਆਂ ਨੂੰ ਜਰਨਾਂ ਨਹੀਂ ਚਾਹੀਦਾ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਪਣੇ ਕੁੱਤੇ ਵੱਲੋਂ ਕਿਸੇ ਪਬਲਿਕ ਜਾਂ ਪ੍ਰਾਈਵੇਟ ਪ੍ਰਾਪਰਟੀ (ਤੁਹਾਡੀ ਆਪਣੀ ਪ੍ਰਾਪਰਟੀ ਤੋਂ ਬਿਨਾਂ) 'ਚ ਕੀਤੀ ਗਈ ਟੱਟੀ ਵਗੈਰਾ ਨੂੰ ਚੁੱਕੋ ਅਤੇ ਉਸ ਨੂੰ ਕਿਸੇ ਢੁਕਵੇਂ ਗਾਰਬੇਜ ਕੈਨ 'ਚ ਸੁੱਟੋ। ਇਹ ਨਿਯਮ ਅਗਵਾਈ ਕਰਨ ਵਾਲੇ ਕੁੱਤਿਆਂ ਨਾਲ ਚੱਲ ਰਹੇ ਅਪੰਗ ਵਿਅਕਤੀਆਂ 'ਤੇ ਲਾਗੂ ਨਹੀਂ ਹੁੰਦਾ।

## ਵੈਨਕੂਵਰ ਦੀਆਂ ਰੱਸੀ ਰਹਿਤ ਪਾਰਕਾਂ

ਵੈਨਕੂਵਰ ਭਰ 'ਚ ਕਈ ਪਾਰਕਾਂ ਅਜਿਹੀਆਂ ਹਨ ਜਿਨ੍ਹਾਂ 'ਚ ਕੁੱਤਿਆਂ ਲਈ ਰੱਸੀ ਲਾਹ ਸਕਣ ਦੇ ਅਧਿਕਾਰਤ ਏਰੀਏ ਬਣੇ ਹੋਏ ਹਨ।

- CRAB Park at Portside, 101 East Waterfront Road
- Dusty Greenwell Park, 2799 Wall Street (*at Kaslo Street*)
- Everett Crowley Park, 8200 Kerr Street (*at Southeast Marine Drive*)
- Fraser River Park, 8705 Angus Drive (*at West 75th Avenue*)
- Fraserview Golf Course, 8101 Kerr Street (*at Rosemont Avenue*)
- John Hendry (Trout Lake) Park, 3300 Victoria Drive (*at East 15th Avenue*)
- Jones Park, 5350 Victoria Drive (*at East 38th Avenue*)
- Killarney Park, 6205 Kerr Street (*at East 48th Avenue*)
- Nelson Park, 1030 Bute Street (*at Nelson Street*)
- New Brighton Park, Windermere Street, Nootka Street and East Waterfront Road
- Oak Meadows Park, West 37th Avenue (*at Oak Street*)
- Queen Elizabeth Park, 4600 Cambie Street (*at West 29th Avenue*)
- Spanish Bank Beach Park, 4801 Northwest Marine Drive

ਰੱਸੀ ਰਹਿਤ ਪਾਰਕਾਂ ਦੀ ਨਕਸ਼ਿਆਂ ਸਹਿਤ ਮੁਕੰਮਲ ਸੂਚੀ ਹੇਠਲੇ ਵੈੱਬਸਾਈਟ 'ਤੇ ਆਨਲਾਈਨ ਉਪਲਬਧ ਹੈ: **vancouver.ca/parks/info/dogparks**

**ਆਪਣਾ ਅਗਲਾ ਕੁੱਤਾ ਸਾਡੇ ਕੋਲੋਂ ਅਪਣਾਉਣ ਲਈ ਵਿਚਾਰ ਕਰੋ**

ਅਸੀਂ ਹਰ ਸਾਲ 350 ਤੋਂ ਵਧੇਰੇ ਕੁੱਤੇ ਦਿੰਦੇ ਹਾਂ। ਸਾਡਾ ਵੈੱਬਸਾਈਟ ਵੇਖੋ: **vancouver.ca/animalcontrol**

### ਵਧੇਰੇ ਜਾਣਕਾਰੀ ਲਈ

ਵੈਨਕੂਵਰ ਦੇ *ਐਨੀਮਲ ਕੰਟਰੋਲ ਬਾਈ-ਲਾਅ* ਦਾ ਇਹ ਸਾਰ ਜਾਨਵਰਾਂ ਨੂੰ ਕਾਬੂ 'ਚ ਰੱਖਣ ਸਬੰਧੀ ਪਬਲਿਕ ਚੇਤਨਾਂ ਪੈਦਾ ਕਰਨ ਵਾਸਤੇ ਕੁੱਤਿਆਂ ਨਾਲ ਸਬੰਧਤ ਕੇਵਲ ਬਹੁਤ ਸਾਧਾਰਨ ਮਸਲਿਆਂ ਅਤੇ ਅਪਰਾਧਾਂ ਬਾਰੇ ਦੱਸਦਾ ਹੈ। ਤੁਸੀਂ ਮੁਕੰਮਲ *ਐਨੀਮਲ ਕੰਟਰੋਲ ਬਾਈ-ਲਾਅ (ਨੰਬਰ 9150)* **vancouver.ca/bylaws/9150c.pdf** 'ਤੇ ਆਨਲਾਈਨ ਪੜ੍ਹ ਸਕਦੇ ਹੋ।

*ਇਹ ਪੋਸਟਰ ਅੰਗਰੇਜ਼ੀ, ਚੀਨੀ ਅਤੇ ਪੰਜਾਬੀ ਵਿਚ ਉਪਲਬਧ ਹੈ। ਹੋਰ ਭਾਸ਼ਾਵਾਂ 'ਚ ਮਦਦ ਲੈਣ ਲਈ ਫੋਨ ਕਰੋ:* **3 1 1**

CITY OF VANCOUVER
Animal Control Services

100% ਪਹਿਲਾਂ ਵਰਤੇ ਰੀਸਾਈਕਲ ਪੇਪਰ 'ਤੇ ਛਪਿਆ। ਦਸੰਬਰ 2009 © ਸਿਟੀ ਆਫ ਵੈਨਕੂਵਰ Animal Control Services
vancouver.ca/commsvcs/licandinsp/animalcontrol/pdf/LicensenLeashPoster-Pu.pdf